International Journal of Information Movement Vol.VII Issue IX (January 2023)
Website: www.ijim.in ISSN: 2456-0553 (online) Pages 54-60

# ਜਸਵੰਤ ਸਿੰਘ ਕੰਵਲ ਦੇ ਨਾਵਲ 'ਹਾਣੀ' ਵਿੱਚ ਔਰਤ ਦੀ ਤ੍ਰਾਸਦੀ

**ਡਾਕਟਰ ਕਰਨਦੀਪ ਸਿੰਘ,**
ਮੁਖੀ, ਪੰਜਾਬੀ ਵਿਭਾਗ,
ਡੀ. ਏ. ਵੀ. ਕਾਲਜ ਨਨਿਓਲਾ,
(ਅੰਬਾਲਾ)

ਇਨਸਾਨ ਨੇ ਪਹਿਲਾਂ ਤੋਂ ਹੀ ਔਰਤ–ਮਰਦ ਦੇ ਰਿਸ਼ਤੇ ਨੂੰ ਬਹੁਤ ਮਹੱਤਤਾ ਦਿੱਤੀ ਹੈ। ਔਰਤ–ਮਰਦ ਗੱਡੀ ਦੇ ਦੋ ਪਹੀਏ ਹੋਣ ਵਾਲੀ ਗੱਲ ਇਨਸਾਨ ਸ਼ੁਰੂ ਵਿੱਚ ਹੀ ਸਮਝ ਗਿਆ ਸੀ। ਵੇਦਾਂ, ਰਮਾਇਣ ਤੇ ਹੋਰ ਧਾਰਮਿਕ ਗ੍ਰੰਥਾਂ ਵਿੱਚ ਵੀ ਇਸ ਰਿਸ਼ਤੇ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ ਜਾਂਦਾ ਰਿਹਾ ਹੈ। ਇਸੇ ਲਈ ਹੀ ਇਨਸਾਨ ਨੇ ਵਿਆਹ ਨਾਂ ਦਾ ਬੰਧਨ ਕਾਇਮ ਕੀਤਾ। ਸਰੀਰਕ ਤੌਰ 'ਤੇ ਔਰਤ ਨਾਲੋਂ ਕੁਝ ਮਜ਼ਬੂਤ ਹੋਣ ਕਾਰਨ ਮਰਦ ਜੰਗਲ ਵਿੱਚ ਜਾ ਕੇ ਭੋਜਨ ਪ੍ਰਾਪਤ ਕਰਨ ਦਾ ਕੰਮ ਕਰਦਾ ਰਿਹਾ ਤੇ ਇਸ ਭੋਜਨ ਨੂੰ ਖਾਣਯੋਗ ਬਣਾਉਣ ਦੀ ਜ਼ਿੰਮੇਵਾਰੀ ਔਰਤ ਦੀ ਰਹੀ। ਇਸ ਤਰ੍ਹਾਂ ਮਰਦ ਘਰੋਂ ਬਾਹਰਲਾ ਕੰਮ ਸੰਭਾਲਣ ਲੱਗਿਆ ਤੇ ਔਰਤ ਘਰ ਦੇ ਅੰਦਰ ਦਾ ਜਿਵੇਂ–ਜਿਵੇਂ ਇਨਸਾਨ ਚੇਤੰਨ ਹੁੰਦਾ ਗਿਆ ਤਿਉਂ–ਤਿਉਂ ਔਰਤ–ਮਰਦ ਦੇ ਸੰਬੰਧਾਂ ਵਿੱਚ ਬਦਲਾਉ ਆਉਂਦਾ ਰਿਹਾ ਹੈ। ਔਰਤ ਮਰਦ ਦਾ ਵੱਡਾ ਰਿਸ਼ਤਾ ਜਿਸਮਾਨੀ ਖਿੱਚ ਦਾ ਹੀ ਰਿਹਾ। "ਖੁਜਰਾਓ ਵਰਗੇ ਖੰਡਰਾਂ ਦੀਆਂ ਮੂਰਤੀਆਂ ਇਸ ਦੀ ਵੱਡੀ ਉਦਾਹਰਣ ਹਨ ਜਿਹਨਾਂ ਵਿੱਚ ਕਾਮੁਕ ਸੰਬੰਧਾਂ ਨੂੰ ਉਸ ਸਮੇਂ ਦੇ ਨਿਵੇਕਲੇ ਢੰਗ ਨਾਲ ਦਰਸਾਇਆ ਗਿਆ ਹੈ। ਅਸਲ ਵਿੱਚ ਉਸ ਵੇਲੇ ਔਰਤ–ਮਰਦ ਦਾ ਰਿਸ਼ਤਾ ਕਾਮੁਕ ਤ੍ਰਿਪਤੀ ਤੇ ਪਰਿਵਾਰ ਅੱਗੇ ਵਧਾਉਣ ਤੋਂ ਵੱਧ ਬਹੁਤਾ ਕੁਝ ਨਹੀਂ ਸੀ।"**1**

ਜਦੋਂ ਇਨਸਾਨ ਨੇ ਸ਼ਬਦ ਦੀ ਕਾਢ ਕੱਢ ਲਈ ਤਾਂ ਔਰਤ–ਮਰਦ ਦਰਮਿਆਨ ਵਾਪਰਨ ਵਾਲੇ ਦ੍ਰਿਸ਼ਾਂ ਨੂੰ ਨਵੇਂ ਢੰਗ ਨਾਲ ਬਿਆਨਿਆ ਜਾਣ ਲੱਗਾ। ਜੇ ਇਤਿਹਾਸ ਵਿੱਚ ਬਹੁਤ ਦੂਰ ਨਾ ਜਾਈਏ ਤਾਂ ਦੇਖੀਏ ਕੇ ਦੁਸ਼ਿਅੰਤ ਤੇ ਸ਼ੰਕੁਤਲਾ ਵਿਚਕਾਰ ਜੋ ਵਾਪਰਦਾ ਹੈ ਉਹ ਇਤਿਹਾਸ ਦੇ ਇੱਕ ਮੋੜ ਨੂੰ ਜਨਮ ਦਿੰਦਾ ਹੈ। ਰਮਾਇਣ ਵਿੱਚ ਰਾਮ–ਸੀਤਾ ਤੇ ਹੋਰਨਾਂ ਜੋੜਿਆਂ ਦਰਮਿਆਨ ਘੱਟਣ ਵਾਲੀਆਂ ਘਟਨਾਵਾਂ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਦਰਸਾਇਆ ਗਿਆ ਹੈ। "ਇਸ ਵਿੱਚ ਸ਼ਾਇਦ ਪਹਿਲੀ ਵਾਰ ਲਿਖਿਆ ਗਿਆ ਹੋਵੇ ਕਿ ਔਰਤ ਮਰਦਾਂ ਵਿਚਕਾਰ ਲੜਾਈ ਦਾ ਕਾਰਣ ਵੀ ਬਣ ਸਕਦੀ ਹੈ। ਮਹਾਂਭਾਰਤ ਦੀ ਲੜਾਈ ਵਿੱਚ ਔਰਤ ਦਾ ਨਿਵੇਕਲਾ ਰੂਪ ਪੇਸ਼ ਕੀਤਾ ਹੈ।"**2** ਪੁਰਾਣੇ ਸਮੇਂ ਦੀਆਂ ਸਾਰੀਆਂ ਹੀ ਕਥਾਵਾਂ ਮਰਦ–ਔਰਤ ਦੇ ਰਿਸ਼ਤੇ ਬਿਨ੍ਹਾਂ ਅਧੂਰੀਆਂ ਸਨ।

ਸ਼ੀਰੀ–ਫਰਿਹਾਦ, ਮਿਰਜ਼ਾ–ਸਾਹਿਬਾਂ ਤੱਕ ਦੀਆਂ ਪ੍ਰੇਮ–ਕਥਾਵਾਂ ਇਹ ਵੀ ਦੱਸਦੀਆਂ ਹਨ ਕਿ ਇਸ ਰਿਸ਼ਤੇ ਦੀ ਖਿੱਚ ਕਿੰਨੀ ਤਾਕਤਵਰ ਹੁੰਦੀ ਹੈ।

ਪੱਛਮ ਵਿੱਚ ਔਰਤ ਦੀ ਹਾਲਤ ਲਗਭਗ ਅਜਿਹੀ ਹੀ ਰਹੀ ਹੈ। "ਭਾਵੇਂ ਸੰਨ 1558 ਵਿੱਚ ਅਲੈਜ਼ਾਬਿਥ ਪਹਿਲੀ ਰਾਣੀ ਬਣ ਗਈ ਸੀ, ਜਿਸਨੇ ਮਰਦਾਂ ਵਾਲੇ ਸਾਰੇ ਫਰਜ਼ ਨਿਭਾਏ ਪਰ ਫਿਰ ਵੀ ਔਰਤ ਦੀ ਸਥਿਤੀ ਨਹੀਂ ਸੀ ਬਦਲੀ।"**3** ਇਹ ਸਾਮੰਤਵਾਦੀ ਸਮਾਂ ਸੀ, ਮਰਦ ਪ੍ਰਧਾਨ ਸਮਾਜ। ਔਰਤ ਨੂੰ ਬੱਚੇ ਪੈਦਾ ਕਰਨ ਦੀ ਮਸ਼ੀਨ ਸਮਝਿਆ ਗਿਆ ਤੇ ਇਸ ਤਰ੍ਹਾਂ ਹੀ ਸਾਹਿਤ ਵਿੱਚ ਚਿਤਰਿਆ ਗਿਆ ਹੈ।

ਜਦੋਂ ਸਨਅਤੀ ਯੁੱਗ ਸ਼ੁਰੂ ਹੋਇਆ, ਤਾਂ ਉਸ ਵਿੱਚ ਔਰਤਾਂ ਵੀ ਹਿੱਸਾ ਪਾਉਣ ਲੱਗੀਆਂ। ਉਹ ਪੈਸੇ ਕਮਾਉਣ ਲੱਗੀ। ਉਹ ਵੀ ਰੋਜ਼ੀ–ਰੋਟੀ ਵਿੱਚ ਆਪਣਾ ਯੋਗਦਾਨ ਪਾਉਣ ਲੱਗੀ ਤੇ ਹੌਲੀ–ਹੌਲੀ ਆਪਣੇ ਆਪ ਨੂੰ ਤਾਕਤਵਰ ਵੀ ਸਮਝਣ ਲੱਗੀ। ਉਸ ਸਮੇਂ ਉਸਦੀ ਮਾਨਸਿਕਤਾ ਵੀ ਬਦਲ ਰਹੀ ਸੀ। ਹੁਣ ਔਰਤ ਸਮਝ ਗਈ ਸੀ ਕਿ ਉਹ ਹੁਣ ਸਿਰਫ਼ ਬੱਚੇ ਪੈਦਾ ਕਰਨਾ ਜਾਂ ਖਾਣਾ ਬਣਾਉਣਾ ਹੀ ਉਸਦਾ ਕੰਮ ਨਹੀਂ। ਕੁਝ ਔਰਤ ਲੇਖਕਾਵਾਂ ਵੀ ਸਾਹਿਤ ਦੇ ਖੇਤਰ ਵਿੱਚ ਆਈਆਂ ਪਰ ਔਰਤ–ਮਰਦ ਦੇ ਰਿਸ਼ਤੇ ਬਾਰੇ ਖੁੱਲ ਕੇ ਗੱਲ ਨਾ ਕਰ ਸਕੀਆਂ।

ਸਨਅਤੀ ਯੁੱਗ ਸ਼ੁਰੂ ਹੋਣ ਨਾਲ ਤੇ ਸਮਾਜ ਵਿੱਚ ਤਬਦੀਲੀਆਂ ਕਾਰਨ ਔਰਤ–ਮਰਦ ਦੇ ਰਿਸ਼ਤਿਆਂ ਵਿੱਚ ਟਕਰਾਓ ਵੱਧ ਗਿਆ ਸੀ ਤੇ ਸੰਬੰਧ ਬਹੁਤ ਹੀ ਪਚੀਦੇ ਹੁੰਦੇ ਜਾ ਰਹੇ ਸਨ। ਇਹ ਸੰਬੰਧ ਕਾਮ–ਸੰਬੰਧਾਂ ਤੋਂ ਬਹੁਤ ਅੱਗੇ ਲੰਘ ਗਏ ਸਨ। "1855 ਵਿੱਚ ਕਵੀ ਰੌਬਰਟ ਬਰਾਊਨਿੰਗ ਦੀ 'ਮੈਨ ਐਂਡ ਵੋਮੈਨ' ਨਾਂ ਦੀਆਂ ਕਵਿਤਾਵਾਂ ਦੀ ਕਿਤਾਬ ਆਈ, ਜਿਸ ਵਿੱਚ ਉਸਨੇ ਪਹਿਲੀ ਵਾਰ ਸਨਅਤੀ ਤਰੱਕੀ ਹੋਣ ਕਾਰਨ ਔਰਤ–ਮਰਦ ਦੇ ਸੰਬੰਧਾਂ ਵਿੱਚ ਆਏ ਬਦਲਾਅ ਬਾਰੇ ਬਹਿਸ ਛਿੜ ਪਈ।"**4**

ਪੰਜਾਬੀ ਸਾਹਿਤ ਤੇ ਸਮਾਜ ਵਿੱਚ ਗੱਲ ਕੁਝ ਅਲੱਗ ਸੀ, ਪੰਜਾਬੀ ਸਾਹਿਤ ਦਾ ਤਾਂ ਜਨਮ ਹੀ ਭਾਈ ਵੀਰ ਸਿੰਘ ਦੇ ਨਾਵਲ 'ਸੁੰਦਰੀ' ਨਾਲ ਹੁੰਦਾ ਹੈ। ਇਸ ਨਾਵਲ ਦੀ ਮੁੱਖ ਪਾਤਰ ਸੁੰਦਰੀ ਨਾਂ ਦੀ ਔਰਤ ਹੈ। ਛੇਤੀ ਹੀ ਨਾਨਕ ਸਿੰਘ, ਜਸਵੰਤ ਕੰਵਲ ਤੇ ਸੇਖੋਂ ਵਰਗਿਆਂ ਨਾਵਲਕਾਰਾਂ ਨੇ ਨਾਵਲ ਦੀ ਡੋਰ ਸੰਭਾਲੀ ਤੇ ਔਰਤ ਨਾਲ ਸੰਬੰਧਿਤ ਵਿਸ਼ਿਆਂ ਨੂੰ ਵਿਚਾਰਿਆ ਗਿਆ। ਔਰਤ–ਮਰਦ ਦੇ ਰਿਸ਼ਤਿਆਂ ਬਾਰੇ ਜਰਾ ਖੁੱਲ ਕੇ ਪਰ ਸੰਕੋਚਵੀ ਜਿਹੀ ਗੱਲ ਹੋਣ ਲੱਗੀ ਇਹਨਾਂ

ਨਾਵਲਾਂ ਵਿੱਚ ਔਰਤ ਰਵਾਇਤੀ ਹੀ ਹੁੰਦੀ ਸੀ। ਇਸ ਔਰਤ ਦਾ ਸਮਾਜ ਵਿੱਚ ਸਥਾਨ ਦੁਜੈਲਾ ਹੀ ਹੁੰਦਾ ਸੀ। ਇਹਨਾਂ ਨਾਵਲਾਂ ਵਿਚਲੀ ਔਰਤ ਆਪਣੀਆਂ ਭਾਵਨਾਵਾਂ ਨੂੰ ਦਬਾ ਕੇ ਰੱਖਦੀ ਹੈ। ਜਸਵੰਤ ਸਿੰਘ ਕੰਵਲ ਦੇ ਨਾਵਲ ਪੰਜਾਬ ਦੇ ਮਾਲਵੇ ਦੇ ਖਿੱਤੇ ਨਾਲ ਸੰਬੰਧ ਰੱਖਦੇ ਹਨ ਤੇ ਇਹਨਾਂ ਨਾਵਲਾਂ ਦੇ ਵਿੱਚ ਮਰਦ ਦਾ ਸਥਾਨ ਔਰਤ ਨਾਲੋਂ ਉੱਚਾ ਦਿਖਾਈ ਦਿੰਦਾ ਹੈ। ਸਾਡੇ ਇਸ ਵਿਸ਼ੇ ਦੇ ਸੰਬੰਧ ਜਸਵੰਤ ਸਿੰਘ ਕੰਵਲ ਦੇ ਨਾਵਲ 'ਹਾਣੀ' ਵਿੱਚ ਔਰਤ–ਮਰਦ ਦੇ ਸੰਬੰਧਾਂ ਬਾਰੇ ਚਾਨਣਾ ਪਾਉਣਾ ਤੇ ਔਰਤ ਦੀ ਤ੍ਰਾਸਦੀ ਨੂੰ ਪ੍ਰਗਟ ਕਰਨਾ ਹੈ।

ਇਸ ਨਾਵਲ ਦੀ ਪਾਤਰ ਤਾਪੀ ਪੁਰਾਣੀ ਪੀੜ੍ਹੀ ਦੀ ਇਸਤਰੀ ਹੋਣ ਕਾਰਣ ਪਰੰਪਰਾਗਤ ਸਮਾਜਿਕ ਸੰਸਕਾਰਾਂ ਅਧੀਨ ਆਪਣੇ ਗ਼ਰੀਬ ਪਿਉ ਵੱਲੋਂ ਸਹੇੜੇ ਹੋਏ ਵਡੇਰੇ ਉਮਰ ਦੇ ਵਰ ਨਾਲ, ਅੰਦਰੋ ਅੰਦਰੀ ਝੁਰਦੀ ਹੋਈ ਵੀ, ਜ਼ਿੰਦਗੀ ਭਰ ਦਾ ਨਰਕ ਭੋਗਣਾ ਪ੍ਰਵਾਨ ਕਰ ਲੈਂਦੀ ਹੈ।

ਤਾਪੀ ਦਾ ਪਤੀ ਫੀਲਾ ਅੱਤ ਦਾ ਨਸ਼ਈ ਤੇ ਸ਼ਰਾਬੀ ਬੰਦਾ ਹੁੰਦਾ ਹੈ ਜੋ ਕੰਮ ਦਾ ਡੱਕਾ ਵੀ ਨਹੀਂ ਤੋੜਦਾ ਤੇ ਘਰ ਤੋਂ ਲੈ ਕੇ ਬਾਹਰ ਖੇਤਾਂ ਵਿੱਚ ਜਾ ਕੇ ਮਜ਼ਦੂਰੀ ਤੱਕ ਕਰਨ ਦਾ ਕੰਮ ਤਾਪੀ ਤੇ ਉਸਦੀ ਧੀ ਧੰਤੋ ਨੂੰ ਹੀ ਕਰਨਾ ਪੈਂਦਾ ਹੈ। ਤਾਪੀ ਦੇ ਮਿਹਨਤ ਦੇ ਦਾਇਆਂ ਤੇ ਪੈਸਿਆਂ ਨੂੰ ਕਿਸ਼ਨਾ, ਜਗਨੇ ਬ੍ਰਾਹਮਣ ਦਾ ਕਰਜ਼ ਚੁਕਾਉਣ ਅਤੇ ਨਸ਼ੇ ਕਰਨ ਲਈ ਹੀ ਵਰਤਦਾ ਰਹਿੰਦਾ ਹੈ। ਤਾਪੀ ਨੂੰ ਆਪਣੀ ਮਿਹਨਤ ਦੇ ਸ਼ੋਸ਼ਣ ਹੋਣ ਦਾ ਬਹੁਤ ਦੁੱਖ ਹੁੰਦਾ ਹੈ ਕਿਉਂਕਿ ਘਰੇਲੂ ਜ਼ਰੂਰਤ ਲਈ ਉਹਨਾਂ ਨੇ ਜਗਨੇ ਬ੍ਰਾਹਮਣ ਤੋਂ ਕਦੇ ਉਧਾਰ ਨਹੀਂ ਸੀ ਲਿਆ ਸਗੋਂ ਭੱਠੀ ਦੇ ਦਾਇਆਂ ਨਾਲ ਹੀ ਆਪਣਾ ਗੁਜ਼ਾਰਾ ਕਰਦੀਆਂ ਹਨ। "ਤਾਪੀ ਬੇਸ਼ੱਕ ਸਰੀਰਕ ਪੱਖੋਂ ਆਪਣੇ ਪਤੀ ਕਿਸ਼ਨੇ (ਫੀਲੇ) ਤੋਂ ਤਕੜੀ ਸੀ ਪਰ ਉਸਨੇ ਉਸਨੂੰ ਆਪਣੀ ਕਿਸਮਤ ਤੇ ਇੱਕ ਆਗਿਅਕਾਰ ਪਤਨੀ ਦੇ ਤੌਰ ਕਿਸ਼ਨੇ ਨੂੰ ਕਦੇ ਵੀ ਤਾੜਿਆ ਨਹੀਂ ਸੀ ਤੇ ਉਸਦੇ ਜ਼ੁਲਮ ਸਹਿੰਦੀ ਰਹੀ ਸੀ।"**5** ਇਸ ਤਰ੍ਹਾਂ ਮਾਂ ਧੀ ਦੀ ਜ਼ਿੰਦਗੀ ਘਰ ਵਿੱਚ ਮੁਰਝਾਈ ਤੇ ਵਾਹਣਾਂ ਵਿੱਚ ਠੇਡੇ ਖਾਂਦਿਆਂ ਬੀਤ ਰਹੀ ਸੀ। ਫੀਲੇ ਨਾਲੋਂ ਸਰੀਰਕ ਤੌਰ 'ਤੇ ਨਰੋਈ ਹੋਣ ਦੇ ਬਾਵਜੂਦ ਵੀ ਤਾਪੀ ਫੀਲੇ ਨਾਲ ਡਰ ਕੇ ਈ ਗੱਲ ਕਰਦੀ ਹੈ। ਉਹ ਆਪਣੀ ਕੀਤੀ ਕਮਾਈ ਬਾਰੇ ਵੀ ਫੀਲੇ ਨੂੰ ਠੋਕ ਕੇ ਜੁਆਬ ਦੇਣ ਜਾਂ ਵਿਦਰੋਹੀ ਸੁਰ ਵਿੱਚ ਝਗੜਾ ਲੈਣ ਦੇ ਕਾਰਜ ਵਿੱਚ ਪੈਣ ਦੀ ਥਾਂ ਭਰੀ–ਪੀਤੀ ਤੇ ਹੰਝੂਆਂ ਦੀ ਤਰਜ਼ ਤੇ ਆਪਣੀ ਜ਼ਿੰਦਗੀ ਬਤੀਤ ਕਰਦੀ ਹੈ। ਤਾਪੀ ਤੇ ਉਸਦੀ ਧੀ ਧੰਤੋ ਬੜੀ ਮਿਹਨਤ ਦੇ ਨਾਲ ਕਣਕ ਦਾ ਬੋਹਲ ਤਿਆਰ ਕਰਦੀਆਂ ਹਨ। ਤਾਪੀ ਤੇ ਧੰਤੋ ਨੇ ਹੱਡ ਭੰਨਵੀਂ ਮਿਹਨਤ ਕਰਕੇ, ਮਿੱਟੀ ਨਾਲ ਮਿੱਟੀ ਹੋ ਕੇ ਕਣਕ ਦਾ ਬੋਹਲ ਤਿਆਰ ਕੀਤਾ ਸੀ ਤੇ ਉਹਨਾਂ ਨੂੰ ਆਸ ਸੀ ਕਿ ਦੋ ਪੈਸੇ ਆਉਣਗੇ ਤੇ ਘਰ ਦਾ ਖਰਚ ਸੁਖਾਲਾ

ਚੱਲੇਗਾ ਪਰ ਕਿਸ਼ਨੇ ਦੀ ਨਸ਼ੇ ਦੀ ਆਦਤ ਕਾਰਨ ਅਤੇ ਉਸ ਵਲੋਂ ਜਗਨੇ ਬ੍ਰਾਹਮਣ ਤੋਂ ਕਰਜ਼ਾ ਲਏ ਹੋਣ ਕਾਰਨ ਕਿਸ਼ਨਾ ਕਣਕ ਜਗਨੇ ਨੂੰ ਦੇ ਕੇ ਉਸਦਾ ਕਰਜ਼ ਚਕਾਉਣਾ ਚਾਹੁੰਦਾ ਹੈ ਜਿਸ ਕਾਰਨ ਤਾਪੀ ਦੀਆਂ ਉਮੀਦਾਂ ’ਤੇ ਪਾਣੀ ਫਿਰ ਜਾਂਦਾ ਹੈ। ਤਾਪੀ ਡਰਦੀ ਡਰਦੀ ਕਿਸ਼ਨੇ ਤੋਂ ਪੁੱਛਦੀ ਹੈ–

"ਕਣਕ ਜਗਨੇ ਨੂੰ ਚਕਾਉਣੀ ਏ?"

"ਕਿਉਂ ਉਹਦੇ ਪੈਸੇ ਨਹੀਂ ਦੇਣੇ?" ਕਿਸ਼ਨੇ ਨੇ ਗੁਸੇਲੀਆਂ ਅੱਖਾਂ ਤਾਪੀ ਦੇ ਚਿਹਰੇ ਉੱਤੇ ਗੱਡ ਦਿੱਤੀਆਂ।**6**

ਭਰੀ ਪੀਤੀ ਤਾਪੀ ਦੇ ਹੰਝੂ ਉਸਦੇ ਅੰਦਰਲੇ ਸੇਕ ਨੇ ਹੀ ਪੀ ਲਏ। ਉਸਨੇ ਇੱਕ ਹਉਕਾ ਲੈ ਕੇ ਅੱਖਾਂ ਮੀਟ ਲਈਆਂ।

ਫੀਲਾ ਜਦੋਂ ਮਕਾਨ ਬਣਾਉਣ ਲਈ ਕਰਜ਼ਾ ਚੁੱਕਦਾ ਹੇ ਤੇ ਮਕਾਨ ਦਾ ਕੰਮ ਵਿਚਾਲੇ ਹੀ ਰੁੱਕ ਜਾਂਦਾ ਹੈ ਤਾਂ ਫੀਲਾ ਪੈਸਿਆਂ ਦਾ ਹੀਲਾ ਕਰਨ ਦੇ ਲਈ ਤਾਪੀ ਵੱਲੋਂ ਬੜੇ ਚਾਵਾਂ ਨਾ ਪਾਲੀ ਮੱਝ ਜਿਸ ਬਾਰੇ ਉਸਨੇ, ਸੁਪਨੇ ਸਜਾ ਰੱਖੇ ਸੀ ਕਿ ਮੱਝ ਦਾ ਦੁੱਧ ਪਾ ਕੇ ਘਰ ਦਾ ਗੁਜ਼ਾਰਾ ਚਲਾਏਗੀ, ਫੀਲੇ ਵੱਲੋਂ ਉਹ ਮੱਝ ਵੇਚ ਦਿੱਤੀ ਜਾਂਦੀ ਹੈ ਤੇ ਤਾਪੀ ਦੇ ਅਰਮਾਨ ਮਨ ਵਿੱਚ ਹੀ ਰਹਿ ਜਾਂਦੇ ਹਨ। "ਬਦ–ਕਿਸਮਤੀ ਇਹ ਹੈ ਕਿ ਜ਼ਿੰਦਗੀ ਪੁੱਤਰਾਂ, ਧੀਆਂ ਤੇ ਪਤੀ ਆਦਿ ਰਿਸ਼ਤਿਆਂ ਵਿੱਚ ਉਲਝ ਕੇ ਰਹਿ ਗਈ ਹੈ ਤੇ ਬਹੁਤ ਵਾਰ ਉਹਨਾਂ ਦੀਆਂ ਮਰਜ਼ੀਆਂ ਦਾ ਭਾਰ ਵੀ ਜ਼ਿੰਦਗੀ ਨੂੰ ਚੁੱਕਣਾ ਪੈਂਦਾ ਹੈ। ਇਹ ਰਿਸ਼ਤੇ ਇਕੱਲੇ ਮਨੁੱਖ ਦੇ ਵਿੱਥੋਂ ਕਿਤੇ ਬਲਵਾਨ ਹਨ। ਮਨੁੱਖ ਆਪਣੇ ਮੋਹ ਦਾ ਨਹੀਂ, ਸਗੋਂ ਆਪਣੇ ਰਿਸ਼ਤਿਆਂ ਦਾ ਗੁਲਾਮ ਹੈ।"**7**

ਸਾਡੇ ਸਮਾਜ ਦੇ ਵਿੱਚ ਔਰਤ ਦੇ ਉੱਪਰ ਰਿਸ਼ਤਿਆਂ ਨੂੰ ਥੋਪਿਆ ਜਾਂਦਾ ਹੈ ਨਾ ਕੇ ਉਸਦੀ ਮਰਜੀ ਜਾਣੀ ਜਾਂਦੀ ਹੈ। ਇਸੇ ਤਰ੍ਹਾਂ ਫੀਲੇ ਦੁਆਰਾ ਆਪਣੀ ਧੀ ਧੰਤੋ ਦਾ ਵਿਆਹ ਬਿਨਾਂ ਉਸਦੀ ਰਜ਼ਾਮੰਦੀ ਤੋਂ ਕਰ ਦਿੱਤਾ ਜਾਂਦਾ ਹੈ। ਸਾਡੇ ਸਮਾਜ ਵਿੱਚ ਮਰਦ ਹੀ ਪ੍ਰਥਮ ਸਥਾਨ ਪ੍ਰਾਪਤ ਹੈ ਤੇ ਔਰਤ ਦੇ ਭਵਿੱਖ ਸੰਬੰਧੀ ਵੀ ਉਹੀ ਫੈਸਲਾ ਕਰਦਾ ਹੈ। ਤਾਪੀ ਨਹੀਂ ਚਾਹੁੰਦੀ ਕਿ ਉਸਦੀ ਧੀ ਧੰਤੋ ਦਾ ਵਿਆਹ ਵੀ ਉਸ ਵਾਂਗ ਮੁੱਲ ਦਾ ਹੀ ਹੋਵੇ ਕਿਉਂਕਿ ਉਹ ਮੁੱਲ ਦੇ ਰਿਸ਼ਤੇ ਵੱਜੋਂ ਕਿਸ਼ਨੇ ਨੂੰ ਵਿਆਹੀ ਹੋਈ ਹੋਣ ਕਰਕੇ, ਇਸ ਰਿਸ਼ਤੇ ਦੇ ਦੁਖਾਂਤ ਨੂੰ ਨਿਭਾਅ ਰਹੀ ਸੀ। ਤਾਪੀ ਦੀ ਜਦੋਂ ਕੋਈ ਵਾਹ ਨਹੀਂ ਚੱਲਦੀ ਤਾਂ ਉਹ ਝੂਰਦੀ ਹੋਈ ਆਪਣੀ ਧੀ ਧੰਤੋ ਨੂੰ ਆਖਦੀ ਹੈ– "ਧੀਏ ਮੈਂ ਜ਼ਿੰਦਗੀ ਭਰ ਰੋਈ ਹਾਂ, ਤੂੰ ਵੀ ਜ਼ਿੰਦਗੀ ਭਰ ਰੋਣ ਲਈ ਤਿਆਰ ਹੋ। ਇਹ ਨਰਕ ਕਦੇ ਨਹੀਂ ਮੁੱਕਣਾ।"**8**

ਤਾਪੀ ਦੀ ਦਿਲੋਂ ਤਮੰਨਾ ਸੀ ਕਿ ਉਸਦੀ ਧੀ ਧੰਤੋ ਦਾ ਸਾਕ ਅਜਿਹੀ ਥਾਂ ਨਾ ਹੋਵੇ ਪਰ ਉਹ ਕੁਝ ਵੀ ਨਹੀਂ ਕਰ ਸਕਦੀ।

ਉਹ ਖੁਦ ਆਪਣੇ ਵਿਆਹ ਵੇਲੇ ਕੁਝ ਨਾ ਕਰ ਸਕੀ ਸੀ। ਜਦੋਂ ਤਾਪੀ ਆਪਣੇ ਪਤੀ ਫੀਲੇ ਨਾਲ ਧੰਤੋ ਦੇ ਕੀਤੇ ਰਿਸ਼ਤੇ ਸੰਬੰਧੀ ਬਹਿਸ ਕਰਦੀ ਹੈ ਤਾਂ ਫੀਲਾ ਤਾਪੀ ਨੂੰ ਮਿਹਨੇ ਮਾਰਦਾ ਹੋਇਆ ਕਹਿੰਦਾ ਹੈ ਕਿ "ਤੇਰੇ ਪਿਉ ਨੇ ਸੂਰਨੀਏਂ ਕਿਵੇਂ ਸੰਜੋਗ ਬਣਾਏ ਸੀ।"**9**

ਆਰਥਿਕ ਮਜ਼ਬੂਰੀਆਂ ਵਿੱਚ ਘਿਰੇ ਫੀਲੇ ਨੂੰ ਜਦੋਂ ਕੋਈ ਚਾਰਾ ਨਾ ਦਿਖਦਾ ਤਾਂ ਉਹ ਦੁਬਾਰਾ ਫੇਰ ਨਿੱਕੇ ਦੇ ਮੁੰਡੇ ਨਾਲ ਧੰਤੋ ਦਾ ਰਿਸ਼ਤਾ ਕਰ ਆਉਂਦਾ ਹੈ ਤੇ ਤਾਪੀ ਚੁੱਪ ਹੋ ਜਾਂਦੀ ਹੈ ਅਤੇ ਮਹਿਸੂਸ ਕਰਦੀ ਹੈ, "ਖਬਰੇ ਮੇਰੇ ਬਾਪ ਨੂੰ ਕਿਹੋ ਜਿਹੀ ਔਕੜ ਆਈ ਹੋਵੇ, ਐਵੇ ਕੋਈ ਧੀਆਂ ਨੂੰ ਥੋੜੀ ਵੇਚ ਸਕਦਾ ਹੈ। ਜੇ ਮੇਰਾ ਬਾਪ ਮੈਨੂੰ ਵੇਚ ਸਕਦਾ ਹੈ, ਧੰਤੋ ਦਾ ਬਾਪ ਉਸਨੂੰ ਕਿਉਂ ਨਹੀਂ ਵੇਚ ਸਕਦਾ, ਡਾਢੇ ਅੱਗੇ ਮਿੰਨਤ ਤਰਲੇ ਦੀ ਹੀ ਵਾਹ ਹੁੰਦੀ ਹੈ ਸੋ ਉਸ ਨਮਾਣੇ ਨੇ ਮੰਨੀ ਨਹੀਂ।"**10**

ਤਾਪੀ ਦੀ ਧੀ ਧੰਤੋ ਉਸ ਤੋਂ ਅਗਲੀ ਪੀੜ੍ਹੀ ਦੀ ਔਰਤ ਦੀ ਪ੍ਰਤੀਨਿਧਤਾ ਕਰਦੀ ਹੈ। ਧੰਤੋ ਆਪਣੇ ਮਨਪਸੰਦ ਹਾਣੀ ਦੀ ਪ੍ਰਾਪਤੀ ਲਈ ਵਿਦਰੋਹ ਕਰਨ ਵਾਲੀ, ਦਲੇਰ ਤੇ ਬਾਗੀ ਸੁਭਾਅ ਦੀ ਮਾਲਕ ਔਰਤ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਧੰਤੋ ਦੀ ਸਮੱਸਿਆ ਉਸਦੀ ਵਿਅਕਤੀਗਤ ਚਾਹਤ ਅਤੇ ਪਿਉ ਵੱਲੋਂ ਉਸ ਸੰਬੰਧੀ ਕੀਤੇ ਨਿਰਣਿਆਂ ਵਿੱਚੋਂ ਅਰਥ ਗ੍ਰਹਿਣ ਕਰਦੀ ਹੈ। ਧੰਤੋ ਦੀ ਵਿਆਹ ਲਈ ਵਿਅਕਤੀਗਤ ਚਾਹਤ ਦੀ ਇੱਛਾ ਮੂਲਕ ਪਸੰਦ ਮੋਦਨ ਹੈ। ਧੰਤੋ ਆਪਣੇ ਪਿਤਾ ਦੇ ਫ਼ੈਸਲੇ ਦਾ ਵਿਰੋਧ ਕਰਦੀ ਹੈ ਪਰ ਫਿਰ ਆਪਣੀ ਮਾਂ ਦੀਆਂ ਦਲੀਲਾਂ ਤੇ ਪਿਤਾ ਦੀ ਮਜ਼ਬੂਰੀ ਨੂੰ ਸਮਝਦਿਆਂ ਆਪਣੇ ਅਰਮਾਨਾਂ ਦੀ ਬਲੀ ਦੇ ਦਿੰਦੀ ਹੈ।

ਧੰਤੋ ਵੀ ਆਪਣੀ ਮਾਂ ਵਾਂਗ ਮੁੱਲ ਦੀ ਤੀਵੀਂ ਬਣ ਕੇ ਸੁਹਰੇ ਘਰ ਵਿੱਚ ਪੈਰ ਰੱਖਦੀ ਹੈ। ਪੈਸੇ ਦੇ ਕੇ ਖਰੀਦੀ ਵਸਤੂ ਵਾਂਗ ਉਸਦਾ ਸਹੁਰਾ ਨਿੱਕਾ ਆਪਣੀ ਨੂੰਹ ਉੱਤੇ ਪੂਰਾ ਹੱਕ ਸਮਝਦਾ ਹੈ। ਨਿੱਕਾ ਆਪਣੇ ਬੇਟੇ ਗੁਰਮੇਲੂ ਦਾ ਵਿਆਹ ਧੰਤੋ ਨਾਲ ਇਸ ਲਈ ਕਰਵਾਉਂਦਾ ਹੈ ਕਿਉਂਕਿ ਉਹ ਆਪਣੇ ਬੇਟੇ ਦੇ ਬਹਾਨੇ ਆਪਣੀ ਹਵਸ ਪੂਰੀ ਕਰਨਾ ਚਾਹੁੰਦਾ ਹੈ ਕਿਉਂਕਿ ਗੁਰਮੇਲੂ ਦੀ ਉਮਰ ਕਾਫੀ ਛੋਟੀ ਹੈ ਤੇ ਨਿੱਕੇ ਦੀ ਆਪਣੀ ਪਤਨੀ ਦੀ ਮੌਤ ਹੋ ਚੁੱਕੀ ਹੈ। ਨਿੱਕਾ ਆਪਣੀ ਨੂੰਹ ਧੰਤੋ ਰਾਹੀਂ ਆਪਣੀ ਸਰੀਰਕ ਭੁੱਖ ਦੂਰ ਕਰਨਾ ਚਾਹੁੰਦਾ ਹੈ। ਧੰਤੋ ਦੇ ਪਤੀ ਗੁਰਮੇਲੂ ਦੀ ਉਮਰ ਛੋਟੀ ਹੋਣ ਕਰਕੇ ਉਹ ਧੰਤੋ ਦੇ ਮਨ ਨੂੰ ਨਹੀਂ ਸਮਝ ਸਕਦਾ ਤੇ ਧੰਤੋ ਨਾਲ ਬੱਚਿਆਂ ਵਾਲੀਆਂ ਹਰਕਤਾਂ ਕਰਦਾ ਰਹਿੰਦਾ ਹੈ। ਧੰਤੋ ਦੇ ਸਾਰੇ ਅਰਮਾਨਾਂ ਦਾ ਕਤਲ ਹੋ ਜਾਂਦਾ ਹੈ ਤੇ ਉਹ ਅਜਿਹੀ ਜ਼ਿੰਦਗੀ ਨਾਲੋਂ ਮਰਨ ਨੂੰ ਹੀ ਚੰਗਾ ਸਮਝਦੀ ਹੈ। ਨਿੱਕਾ ਜਦੋਂ ਧੰਤੋ ਰਾਹੀਂ ਆਪਣੀ ਹਵਸ ਪੂਰੀ ਕਰਨਾ ਚਾਹੁੰਦਾ ਹੈ ਤਾਂ ਧੰਤੋ ਦੇ ਵਿਰੋਧ ਕਰਨ ਸਮੇਂ ਗੁੱਸੇ ਵਿੱਚ ਆਖਦਾ ਹੈ–

"ਬਾਰ੍ਹਾਂ ਸੌ ਲਾਇਆ ਏ ਤੇ ਤੇਰੀ ਖ਼ਾਤਰ ਲਾਇਆ ਹੈ।"

"ਰੰਨ ਤਾਂ ਮੈਂ ਈ ਬਣਾ ਕੇ ਰੱਖਣੀ ਏਂ, ਜਿੰਨਾ ਚਿਰ ਮੁੰਡਾ ਗੱਭਰੂ ਨਹੀਂ ਹੁੰਦਾ।"**11**

ਧੰਤੋ ਬੜੀ ਮੁਸ਼ਕਿਲ ਨਾਲ ਆਪਣੇ ਸਹੁਰੇ ਨਿੱਕੇ ਤੋਂ ਆਪਣੀ ਇੱਜ਼ਤ ਬਚਾ ਕੇ ਸਹੁਰੇ ਘਰੋਂ ਭੱਜ ਨਿਕਲਦੀ ਹੈ। ਉਸਦੀ ਸਾਰ ਲੈਣ ਵਾਲਾ ਕੋਈ ਨਹੀਂ ਹੁੰਦਾ, ਉਸਦੀ ਹਾਲਤ ਬੜੀ ਮਾੜੀ ਹੋ ਜਾਂਦੀ ਹੈ। ਧੰਤੋ ਨੂੰ ਆਪਣੇ ਪਿਆਰ ਮੋਦਨ ਦੀ ਪ੍ਰਾਪਤੀ ਲਈ ਵੀ ਮਰਦਾਂ ਦਾ ਹੀ ਸਹਾਰਾ ਲੈਣਾ ਪੈਂਦਾ ਹੈ। ਧੰਤੋ ਮੋਦਨ ਦੇ ਦੋਸਤਾਂ ਦੀ ਮਦਦ ਰਾਹੀਂ ਹੀ ਮੋਦਨ ਨੂੰ ਮਿਲ ਪਾਉਂਦੀ ਹੈ। ਸਾਡੇ ਸਮਾਜ ਦੇ ਵਿੱਚ ਔਰਤ ਨੇ ਮਰਦ ਦੇ ਸਹਾਰੇ ਦੀ ਹਮੇਸ਼ਾ ਲੋੜ ਮਹਿਸੂਸ ਕੀਤੀ ਜਾਂਦੀ ਹੈ। ਔਰਤ ਦੀ ਇਕੱਲੀ ਦੀ ਕੋਈ ਸੁਣਵਾਈ ਨਹੀਂ ਕੀਤੀ ਜਾਂਦੀ, ਆਪਣੀ ਆਵਾਜ਼ ਬੁਲੰਦ ਕਰਨ ਦੇ ਲਈ ਹਮੇਸ਼ਾ ਮਰਦ ਦੇ ਸਹਾਰੇ ਦੀ ਲੋੜ ਪੈਂਦੀ ਹੈ। ਇਸ ਮਰਦ ਪ੍ਰਧਾਨ ਸਮਾਜ ਦੇ ਵਿੱਚ ਔਰਤ ਨੂੰ ਭੋਗ–ਵਿਲਾਸ ਦੀ ਵਸਤੂ ਹੀ ਸਮਝਿਆ ਜਾਂਦਾ ਹੈ। ਔਰਤ ਤੋਂ ਵਿਰੋਧ ਦੀ ਉਮੀਦ ਨਹੀਂ ਕੀਤੀ ਜਾਂਦੀ। ਸਾਰੀਆਂ ਬੰਦਸ਼ਾਂ ਅਤੇ ਰੀਤੀ–ਰਿਵਾਜ਼ਾਂ ਨੂੰ ਔਰਤਾਂ 'ਤੇ ਹੀ ਲਾਗੂ ਸਮਝਿਆ ਜਾਂਦਾ ਹੈ।

ਨਾਵਲੀ ਬਿਰਤਾਂਤ ਔਰਤ ਮਸਲੇ ਨੂੰ ਮਰਦ ਕੇਂਦਰਿਤ ਕਰਕੇ ਇਕੋ ਵੇਲੇ ਦੋ ਪਸਾਰ ਸਿਰਜਦਾ ਹੈ। ਧੰਤੋ–ਮੋਦਨ ਦੇ ਮਸਲਿਆਂ ਰਾਹੀਂ ਔਰਤ ਦੀ ਵਾਸਤਵਿਕ ਸਥਿਤੀ ਦੇ ਦੁਖਾਂਤ ਨੂੰ ਦਿਖਾਇਆ ਗਿਆ ਹੈ। ਇੱਕ ਇੱਛਤ ਆਦਰਸ਼ਵਾਦੀ ਵਕਤੀ ਹੱਲ ਤਲਾਸ਼ ਕਰ ਲੈਂਦਾ ਹੈ ਪਰ ਅਜਿਹੇ ਹੱਲ ਦੇ ਤਲਾਸ਼ ਕਰਨ ਨਾਲ ਔਰਤ ਦੀ ਸਮੱਸਿਆ ਹੱਲ ਨਹੀਂ ਹੋ ਸਕਦੀ ਅਤੇ ਉਹ ਕਿਸੇ ਵੇਲੇ ਵੀ ਦੁਖਾਂਤ ਪਰਿਸਥਿਤੀਆਂ ਵਿਚ ਘਿਰ ਸਕਦੀ ਹੈ। ਜ਼ਿੰਦਗੀ ਵਿੱਚ ਔਰਤ ਦੀ ਸਮੱਸਿਆ ਸਿਰਫ਼ ਰੁਮਾਂਸ/ਪ੍ਰਤੀ–ਵਿਆਹ ਹੀ ਨਹੀਂ। ਪਰ ਸਮੱਸਿਆਵਾਂ ਇਸ ਤੋਂ ਅੱਗੇ ਹੋਰ ਵੀ ਹਨ ਜੋ ਉਸਦੀ ਖੁਦੀ, ਸਵੈ–ਮਾਣ ਨਾਲ ਸੰਬੰਧਿਤ ਹਨ। ਔਰਤ ਦਾ ਆਪਣੀ ਮਨ–ਮਰਜ਼ੀ ਦਾ ਹਾਣੀ ਪ੍ਰਾਪਤ ਕਰ ਲੈਣਾ ਹੀ ਉਸ ਦੀਆਂ ਮੁਸੀਬਤਾਂ ਦਾ ਹੱਲ ਨਹੀਂ। ਅਜਿਹਾ ਕਰਨ ਨਾਲ ਉਹ ਅਜੋਕੇ ਸਮਾਜ ਦੇ ਜਿਸ ਇਤਿਹਾਸਿਕ ਪੜਾਅ 'ਤੇ ਪਹੁੰਚੀ ਹੈ, ਉਸ ਵਿੱਚ ਮਨ ਦੀ ਮਰਜ਼ੀ, ਪਸੰਦ, ਸਲਾਹ ਲੈਣਾ ਆਮ ਹੋ ਗਿਆ ਹੈ ਪਰ ਔਰਤ ਮਰਦ ਦਾ ਵਿਤਕਰਾ ਅਜੇ ਵੀ ਸਮਾਜ ਵਿੱਚ ਖਿੱਚ ਦਾ ਕੇਂਦਰ ਹੈ।

**ਹਵਾਲੇ ਅਤੇ ਟਿੱਪਣੀਆਂ**

1. ਖੁਸ਼ਵੰਤ ਸਿੰਘ, ਔਰਤ ਮਰਦ ਦੇ ਸੰਬੰਧਾਂ ਦੀਆਂ ਕਹਾਣੀਆਂ, ਪੰਨਾ 10
2. ਉਹੀ, ਪੰਨਾ 12

3. ਤਲਵੀਰ, ਵਿਚਲੀ ਔਰਤ, ਪੰਨਾ 358
4. ਖੁਸ਼ਵੰਤ ਸਿੰਘ, ਔਰਤ ਮਰਦ ਦੇ ਸੰਬੰਧਾਂ ਦੀਆਂ ਕਹਾਣੀਆਂ, ਪੰਨਾ 16
5. ਜਸਵੰਤ ਸਿੰਘ ਕੰਵਲ, ਹਾਣੀ, ਪੰਨਾ 8
6. ਜਸਵੰਤ ਸਿੰਘ ਕੰਵਲ, ਹਾਣੀ, ਪੰਨਾ 23
7. ਜਸਵੰਤ ਸਿੰਘ ਕੰਵਲ, ਹਾਣੀ, ਪੰਨਾ 37
8. ਜਸਵੰਤ ਸਿੰਘ ਕੰਵਲ, ਹਾਣੀ, ਪੰਨਾ 48
9. ਜਸਵੰਤ ਸਿੰਘ ਕੰਵਲ, ਹਾਣੀ, ਪੰਨਾ 49
10. ਜਸਵੰਤ ਸਿੰਘ ਕੰਵਲ, ਹਾਣੀ, ਪੰਨਾ 85
11. ਜਸਵੰਤ ਸਿੰਘ ਕੰਵਲ, ਹਾਣੀ, ਪੰਨਾ 120